ਇਸਤਿਹਾਰ ਨੰ: 01/2020

## ਪੰਜਾਬ ਵਿਧਾਨ ਸਭਾ ਸਕੱਤਰੇਤ

ਹੇਠ ਲਿਖੀਆਂ ਆਰਜੀ ਆਸਾਮੀਆਂ ਲਈ ਨਿਰਧਾਰਤ ਪ੍ਰੋਫਾਰਮੇ ਤੇ ਅਰਜ਼ੀਆਂ ਮੰਗੀਆਂ ਜਾਂਦੀਆਂ ਹਨ, ਜੋ ਸਕੱਤਰ, ਪੰਜਾਬ ਵਿਧਾਨ ਸਭਾ, ਚੰਡੀਗੜ੍ਹ-160001 ਪਾਸ ਮਿਤੀ 17.06.2020 (ਸ਼ਾਮ 5.00 ਵਜੇ) ਤੱਕ ਪਹੁੰਚ ਜਾਣੀਆਂ ਚਾਹੀਦੀਆਂ ਹਨ। ਸਰਕਾਰੀ ਕਰਮਚਾਰੀ ਆਪਣੀਆਂ ਅਰਜ਼ੀਆਂ ਯੋਗ ਪ੍ਰਣਾਲੀ ਰਾਹੀਂ ਭੇਜਣ, ਪਰੰਤੂ ਅਗੇਤੀ ਕਾਪੀ ਅੰਤਿਮ ਮਿਤੀ ਤੋਂ ਪਹਿਲਾਂ ਭੇਜੀ ਜਾਵੇ। ਆਖਰੀ ਤਰੀਕ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

| ਕ੍ਰਮ ਨੰ: | ਆਸਾਮੀ ਦਾ ਨਾਂ ਅਤੇ ਗਿਣਤੀ | ਤਨਖਾਹ ਸਕੇਲ | ਵਿਦਿਅਕ ਯੋਗਤਾ |
|---|---|---|---|
| 1 | ਕਲਰਕ (1) | 10300-34800 + ਗ੍ਰੇਡ ਪੇ 3200/- | ਉਮੀਦਵਾਰ ਕਿਸੇ ਵੀ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗਰੈਜੂਏਟ ਹੋਵੇ। ਮੈਟ੍ਰਿਕ ਪੱਧਰ ਤੱਕ ਪੰਜਾਬੀ ਪਾਸ ਹੋਣਾ ਲਾਜ਼ਮੀ ਹੈ। ਪੰਜਾਬੀ ਅਤੇ ਅੰਗਰਜ਼ੀ ਦੀ ਟਾਈਪ ਦਾ 30 ਸ਼ਬਦ ਪ੍ਰਤੀ ਮਿੰਟ ਦੀ ਰਫਤਾਰ ਤੇ ਟੈਸਟ ਲਿਆ ਜਾਵੇਗਾ। ਉਮੀਦਵਾਰ ਕੋਲ ਘੱਟੋ ਘੱਟ 120 ਘੰਟੇ/6 ਮਹੀਨੇ ਦਾ ਕੰਪਿਊਟਰ ਐਪਲੀਕੇਸ਼ਨ ਦਾ ਸਰਟੀਫਿਕੇਟ ਹੋਵੇ ਜੋ ਕਿਸੇ ਸਰਕਾਰੀ ਮਾਨਤਾ ਪ੍ਰਾਪਤ ਸੰਸਥਾ ਜਾਂ ਮੰਨੀ ਪ੍ਰਮੰਨੀ ISO 9001 ਸਰਟੀਫਾਈਡ ਸੰਸਥਾ ਦਾ ਹੋਵੇ। |
| 2 | ਸੇਵਾਦਾਰ (1) | 4900-10680 + ਗ੍ਰੇਡ ਪੇ 1650/- | ਅੱਠਵੀਂ ਪਾਸ |

ਲੜੀ ਨੰਬਰ 1 ਦੀ ਆਸਾਮੀ ਲਈ ਅਰਜ਼ੀ ਫੀਸ ਜਨਰਲ ਸ਼੍ਰੇਣੀ ਲਈ 200 ਰੁਪਏ ਅਤੇ ਪੰਜਾਬ ਰਾਜ ਦੇ ਵਸਨੀਕ ਐਸ.ਸੀ. ਅਤੇ ਬੀ.ਸੀ. ਨਾਲ ਸਬੰਧੀ ਪ੍ਰਾਰਥੀ ਲਈ 100 ਰੁਪਏ ਨਾ ਮੋੜਨਯੋਗ ਅਤੇ ਲੜੀ ਨੰਬਰ 2 ਦੀ ਆਸਾਮੀ ਲਈ ਅਰਜ਼ੀ ਫੀਸ ਜਨਰਲ ਸ਼੍ਰੇਣੀ ਲਈ 100 ਰੁਪਏ ਅਤੇ ਪੰਜਾਬ ਰਾਜ ਦੇ ਵਸਨੀਕ ਐਸ.ਸੀ./ਐਸ.ਟੀ. ਅਤੇ ਬੀ.ਸੀ. ਨਾਲ ਸਬੰਧਤ ਪ੍ਰਾਰਥੀ ਲਈ 50 ਰੁਪਏ ਨਾ ਮੋੜਨਯੋਗ ਜੋ ਇੰਡੀਅਨ ਪੋਸਟਲ ਆਰਡਰ ਜਾਂ ਡਿਮਾਂਡ ਡਰਾਫਟ ਦੇ ਰੂਪ ਵਿੱਚ ਸਕੱਤਰ, ਪੰਜਾਬ ਵਿਧਾਨ ਸਭਾ ਚੰਡੀਗੜ੍ਹ ਦੇ ਨਾਂ ਤੇ ਹੋਵੇ। ਫੀਸ ਦੀ ਛੋਟ ਅਤੇ ਹੋਰ ਲਾਭ ਸਿਰਫ ਪੰਜਾਬ ਰਾਜ ਦੇ ਵਸਨੀਕ ਵਜੋਂ ਐਸ.ਸੀ./ਬੀ.ਸੀ. ਪ੍ਰਾਰਥੀਆਂ ਨੂੰ ਹੀ ਮਿਲਣਯੋਗ ਹੈ। ਸਬੂਤ ਵਜੋਂ ਪੰਜਾਬ ਸਰਕਾਰ ਦੁਆਰਾ ਜਾਰੀ ਜਾਤੀ ਸਰਟੀਫਿਕੇਟ ਨਾਲ ਨੱਥੀ ਕੀਤਾ ਜਾਵੇ। ਬਿਨਾਂ ਫੀਸ/ਘੱਟ ਫੀਸ ਅਰਜ਼ੀਆਂ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ। ਮਿਤੀ 01.01.2020 ਨੂੰ ਜਨਰਲ ਸ਼੍ਰੇਣੀ ਦੇ ਉਮੀਦਵਾਰ ਦੀ ਉਮਰ 18 ਸਾਲ ਤੋਂ ਘੱਟ ਅਤੇ 37 ਸਾਲ ਤੋਂ ਵੱਧ ਨਹੀਂ ਹੋਣੀ ਚਾਹੀਦੀ। ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਉਮੀਦਵਾਰਾਂ ਲਈ ਉਮਰ ਦੀ ਹੱਦ ਵਿੱਚ 5 ਸਾਲ ਦੀ ਛੋਟ ਹੈ। ਚੁਣੇ ਗਏ ਉਮੀਦਵਾਰ ਨੂੰ ਪੰਜਾਬ ਸਰਕਾਰ ਦੇ ਪੱਤਰ ਨੰ: 7/204/2012-4 ਐਫ.ਪੀ.-1/66 ਮਿਤੀ 15.01.2015 ਅਤੇ ਸਮੇਂ-ਸਮੇਂ ਜਾਰੀ ਹਦਾਇਤਾਂ ਵਿੱਚ ਕੀਤੇ ਉਪਬੰਧਾਂ ਤਹਿਤ ਤਨਖਾਹ ਦਿੱਤੀ ਜਾਵੇਗੀ। ਭਰਤੀ ਲਈ ਪ੍ਰਾਰਥੀਆਂ ਦੀ ਗਿਣਤੀ ਦੇ ਮੱਦੇਨਜਰ ਸਮਰੱਥ ਅਧਿਕਾਰੀ ਦੁਆਰਾ ਕੋਈ ਵੀ ਸਿਲੈਕਸ਼ਨ ਕ੍ਰਾਈਟੇਰੀਆ ਅਪਣਾਇਆ ਜਾ ਸਕਦਾ ਹੈ, ਜਿਸ ਵਿਚ ਟੈਸਟ/ਇੰਟਰਵਿਊ ਆਦਿ ਵੀ ਸ਼ਾਮਲ ਕੀਤੀ ਜਾ ਸਕਦੀ ਹੈ।

### ਜਰੂਰੀ ਹਦਾਇਤਾਂ

1. ਆਸਾਮੀ ਦਾ ਨਾਂ ਲਿਫਾਫੇ ਉਪਰ ਲਿਖਿਆ ਜਾਵੇ। ਹਰੇਕ ਆਸਾਮੀ ਲਈ ਵੱਖਰੀ ਅਰਜ਼ੀ ਤੇ ਵੱਖਰੀ ਫੀਸ ਭੇਜੀ ਜਾਵੇ।
2. ਡਾਕ ਦੀ ਦੇਰੀ ਲਈ ਦਫਤਰ ਦੀ ਜਿੰਮੇਵਾਰੀ ਨਹੀਂ ਹੋਵੇਗੀ ਅਤੇ ਅਧੂਰੀ/ਬਿਨਾ ਹਸਤਾਖਰ/ਬਿਨਾ ਫੀਸ ਅਤੇ ਅਯੋਗ ਉਮੀਦਵਾਰ ਦੀ ਅਰਜ਼ੀ ਬਿਨਾਂ ਕਿਸੇ ਨੋਟਿਸ ਰੱਦ ਸਮਝੀ ਜਾਵੇਗੀ।
3. ਆਸਾਮੀਆਂ ਦੀ ਗਿਣਤੀ ਘੱਟ/ਵੱਧ ਸਕਦੀ ਹੈ।
4. ਆਈ.ਪੀ.ਓ./ਡਰਾਫਟ ਦੇ ਪਿੱਛੇ ਉਮੀਦਵਾਰ ਆਪਣਾ ਨਾਮ, ਪਿਤਾ ਦਾ ਨਾਮ ਅਤੇ ਮੋਬਾਈਲ ਨੰਬਰ ਜ਼ਰੂਰ ਲਿਖਣ।
5. ਇਸ ਇਸ਼ਤਿਹਾਰ ਸਬੰਧੀ ਕਿਸੇ ਕਿਸਮ ਦੀ ਸੋਧ, ਨਿਯੁਕਤੀ ਸਬੰਧੀ ਅਗਲੀ ਕਾਰਵਾਈ, ਰੋਲ ਨੰਬਰ ਜਾਰੀ ਕਰਨਾ, ਟਾਈਪ ਟੈਸਟ/ਲਿਖਤੀ ਟੈਸਟ/ਇੰਟਰਵਿਊ ਦੀ ਸੂਚਨਾ ਪੰਜਾਬ ਵਿਧਾਨ ਸਭਾ ਦੀ ਵੈੱਬਸਾਈਟ www.punjabassembly.nic.in ਤੇ ਦੇਖੀ ਜਾ ਸਕੇਗੀ। ਉਮੀਦਵਾਰ ਰੈਗੂਲਰ ਚੈੱਕ ਕਰਦੇ ਰਹਿਣ।
6. ਵਿੱਦਿਅਕ ਯੋਗਤਾ ਦੇ ਸਰਟੀਫਿਕੇਟ ਅਰਜ਼ੀ ਫਾਰਮ ਨਾਲ ਨ ਲਗਾਏ ਜਾਣ, ਬਾਅਦ ਵਿੱਚ ਚੈੱਕ ਕੀਤੇ ਜਾਣਗੇ।
7. ਉਮੀਦਵਾਰ ਆਪਣੇ ਸਹੀ ਅਤੇ ਮੁਕੰਮਲ ਵੇਰਵੇ ਅਰਜ਼ੀ ਫਾਰਮ ਵਿੱਚ ਦੇਵੇਗਾ, ਜਿਸ ਦੀ ਅਸਲੀਅਤ ਲਈ ਉਹ ਖੁਦ ਜ਼ਿੰਮੇਵਾਰ ਹੋਵੇਗਾ। ਅਗਰ ਕੋਈ ਸੂਚਨਾ ਕਿਸੇ ਵੀ ਪੜਾਅ ਤੇ ਗਲਤ ਸਾਬਤ ਹੁੰਦੀ ਹੈ ਤਾਂ ਉਸ ਦੀ ਉਮੀਦਵਾਰੀ ਰੱਦ ਕੀਤੀ ਜਾ ਸਕਦੀ ਹੈ।
8. ਨਿਯਮਾਂ ਅਤੇ ਸਮੇਂ ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਭਰਤੀ ਸਮੇਂ ਰਾਖਵਾਂਕਰਨ ਦੀ ਪਾਲਿਸੀ ਲਾਗੂ ਕੀਤੀ ਜਾਵੇਗੀ।

ਮਿਤੀ 03.06.2020

ਅਧੀਨ ਸਕੱਤਰ
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ।

BKaur

Under Secretary
Punjab Vidhan Sabha
Chandigarh

(ਵਿੱਦਿਅਕ ਯੋਗਤਾ ਦਾ ਕੋਈ ਵੀ ਸਰਟੀਫਿਕੇਟ ਨਾਲ ਨੱਥੀ ਨਾ ਕੀਤਾ ਜਾਵੇ)

ਪ੍ਰੋਫਾਰਮਾ

ਸਵੈ-ਤਸਦੀਕਸ਼ੁਦਾ ਤਾਜ਼ਾ ਫੋਟੋ

1. ਆਸਾਮੀ ਦਾ ਨਾਂ : ____________________

2. ਬਿਨੇਕਾਰ ਦਾ ਨਾਂ : ____________________
(ਸਕੂਲ ਸਰਟੀਫਿਕੇਟ ਅਨੁਸਾਰ)

3. ਪਿਤਾ ਦਾ ਨਾਂ : ____________________
(ਸਕੂਲ ਸਰਟੀਫਿਕੇਟ ਅਨੁਸਾਰ)

4. ਜਨਮ ਮਿਤੀ (ਸਕੂਲ ਸਰਟੀਫਿਕੇਟ ਅਨੁਸਾਰ) i): ____________________
ii) ਉਮਰ : ਸਾਲ ______ ਮਹੀਨੇ ______ ਦਿਨ ______

5. ਲਿੰਗ : ____________________

6. ਕੌਮੀਅਤ : ____________________

7. ਪੱਤਰ ਵਿਹਾਰ ਦਾ ਪਤਾ : ____________________
____________________

8. ਪੱਕਾ ਪਤਾ: ____________________
____________________

9. ਮੋਬਾਈਲ ਨੰਬਰ ਅਤੇ ਲੈਂਡ ਲਾਈਨ ਨੰਬਰ ਜੇਕਰ ਕੋਈ ਹੈ: ____________________

10. ਵਿੱਦਿਅਕ ਯੋਗਤਾ (ਅਸਾਮੀ ਲਈ ਨਿਰਧਾਰਤ ਯੋਗਤਾ ਤੋਂ ਆਰੰਭ ਕਰਦਿਆਂ):

| ਵਿੱਦਿਅਕ ਯੋਗਤਾ | ਪਾਸ ਕਰਨ ਦਾ ਸਾਲ | ਪ੍ਰਾਪਤ ਕੀਤੇ ਅੰਕ | ਕੁੱਲ ਅੰਕ | ਪ੍ਰਤੀਸ਼ਤਤਾ | ਡਿਵੀਜ਼ਨ | ਬੋਰਡ/ਯੂਨੀਵਰਸਿਟੀ | ਵਿਸ਼ਾ |
|---|---|---|---|---|---|---|---|
| | | | | | | | |
| | | | | | | | |
| | | | | | | | |
| | | | | | | | |

11. ਤਜ਼ਰਬਾ, ਜੇਕਰ ਕੋਈ ਹੋਵੇ : ਦਫ਼ਤਰ ਦਾ ਨਾਂ __________ ਅਸਾਮੀ __________ ਮਿਤੀ ________ ਤੋਂ ________ ਤੱਕ
(ਲੋੜ ਅਨੁਸਾਰ ਵੱਖਰੀ ਸ਼ੀਟ ਲਗਾਈ ਜਾਵੇ)

12. ਪੰਜਾਬੀ ਕਿਸ ਪੱਧਰ ਤੱਕ ਪਾਸ ਕੀਤੀ ਹੈ (ਟਿਕ ਕੀਤਾ ਜਾਵੇ): ਦਸਵੀਂ ____/ ਅੱਠਵੀਂ ____/ ਪੰਜਵੀਂ ____

13. ਕਿਸ ਸ਼੍ਰੇਣੀ ਨਾਲ ਸਬੰਧਤ (ਲਿਖਿਆ ਜਾਵੇ): ਪੰਜਾਬ ਐਸ.ਸੀ./ਐਸ.ਟੀ./ਬੀ.ਸੀ./ਜਾਂ ਜਨਰਲ __________

14. ਕੋਈ ਹੋਰ ਸੂਚਨਾ ਜੋ ਬਿਨੈਕਾਰ ਜ਼ਰੂਰੀ ਸਮਝੇ: ____________________

15. ਫੀਸ ਦਾ ਵੇਰਵਾ : ਆਈ.ਪੀ.ਓ./ਡੀ.ਡੀ.ਨੰ: ________ ਮਿਤੀ ______ ਰਕਮ __________ ਡਾਕਖਾਨਾ/ਬੈਂਕ __________

(ਬਿਨੈਕਾਰ ਦੇ ਹਸਤਾਖਰ)

ਸਥਾਨ:

ਮਿਤੀ:

## ਘੋਸ਼ਣਾ

ਮੈਂ __________ ਪੁੱਤਰ/ਪੁੱਤਰੀ ______________ ਇਹ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੇਰੇ ਵਲੋਂ ਦਿੱਤੇ ਗਏ ਉਪਰੋਕਤ ਵਿਵਰਣ ਮੇਰੀ ਜਾਣਕਾਰੀ ਮੁਤਾਬਿਕ ਸਹੀ ਅਤੇ ਦਰੁਸਤ ਹਨ ਅਤੇ ਇਹਨਾਂ ਬਾਰੇ ਕੋਈ ਵੀ ਤੱਥ ਛੁਪਾਇਆ ਨਹੀਂ ਗਿਆ ਹੈ। ਮੈਂ ਸਾਰੀਆਂ ਹਦਾਇਤਾਂ ਪੜ੍ਹੀਆਂ ਹਨ। ਮੈਂ ਹੋਰ ਵੀ ਘੋਸ਼ਣਾ ਕਰਦਾ/ਕਰਦੀ ਹਾਂ ਕਿ ਉਪਰੋਕਤ ਦਿੱਤੇ ਗਏ ਕਿਸੇ ਵੀ ਵਿਵਰਣ/ਸੂਚਨਾ ਦੇ ਕਿਸੇ ਪੜ੍ਹਾਅ ਤੇ ਗਲਤ/ਝੂਠ ਪਾਏ ਜਾਣ ਦੀ ਸੂਰਤ ਵਿਚ, ਜੇਕਰ ਮੇਰੀ ਨਿਯੁਕਤੀ ਹੁੰਦੀ ਹੈ, ਤਾਂ ਰੱਦ/ਖਤਮ ਸਮਝੀ ਜਾਵੇ ਅਤੇ ਮੈਂ, ਭਾਰਤੀ ਦੰਡ ਵਿਧਾਨ (IPC) ਦੇ ਸਬੰਧਤ ਉਪਬੰਧਾਂ ਅਧੀਨ ਕਾਨੂੰਨੀ ਕਾਰਵਾਈ ਦਾ ਭਾਗੀ ਹੋਵਾਂਗਾ/ਹੋਵਾਂਗੀ।

(ਬਿਨੈਕਾਰ ਦੇ ਹਸਤਾਖਰ)

ਸਥਾਨ:

ਮਿਤੀ: